

# ਤੁਸੀਂ

## ਵੈਨਸਿਟੀ ਦੇ ਭਵਿੱਖ ਲਈ ਇਕ ਅਵਾਜ਼ ਬਣ ਸਕਦੇ ਹੋ।

ਸੋਮਵਾਰ ਅਪ੍ਰੈਲ 8 ਤੋਂ ਲੈ ਕੇ ਸ਼ੁੱਕਰਵਾਰ 26 ਅਪ੍ਰੈਲ ਤੱਕ **ਵੈਨਸਿਟੀ ਦੇ ਬੋਰਡ ਦੇ ਡਾਇਰੈਕਟਰਾਂ ਲਈ 2024 ਦੀ ਇਲੈਕਸ਼ਨ** ਵਿੱਚ ਵੋਟ ਪਾਉ। ਬੋਰਡ ਲਈ ਉਮੀਦਵਾਰਾਂ ਦੀ ਚੋਣ ਕਰਕੇ, **ਤੁਸੀਂ** ਆਪਣੀ ਕਰੈਡਿਟ ਯੂਨੀਅਨ ਦੀ ਸੇਧ ਨੂੰ ਪ੍ਰਭਾਵਿਤ ਕਰਦੇ ਹੋ। ਇਸ ਦੇ ਨਾਲ ਹੀ ਤੁਹਾਡੇ ਕੋਲ **1000 ਡਾਲਰ ਦੇ 10 ਕੈਸ਼ ਕਰਨਯੋਗ ਟਰਮ ਡਿਪਾਜ਼ਟਾਂ ਵਿੱਚੋਂ 1 ਟਰਮ ਡਿਪਾਜ਼ਟ** ਜਿੱਤਣ ਦਾ ਮੌਕਾ ਹੋਵੇਗਾ।

**ਉਹਨਾਂ 3 ਤੱਕ ਉਮੀਦਵਾਰਾਂ ਨੂੰ ਵੋਟ ਪਾਉ, ਜਿਹੜੇ ਤੁਹਾਡੇ ਖਿਆਲ ਵਿੱਚ ਸਭ ਤੋਂ ਵਧੀਆ ਢੰਗ ਨਾਲ:**

- ਤੁਹਾਡੀ ਕ੍ਰੈਡਿਟ ਯੂਨੀਅਨ ਲਈ ਕਾਰਜਨੀਤੀ ਨਿਸ਼ਚਿਤ ਕਰਨਗੇ
- ਇਸ ਗੱਲ ਨੂੰ ਪ੍ਰਭਾਵਿਤ ਕਰਨਗੇ ਕਿ ਵੈਨਸਿਟੀ ਤੁਹਾਡੀਆਂ ਵਿੱਤੀ ਲੋੜਾਂ ਕਿਵੇਂ ਪੂਰੀਆਂ ਕਰਦੀ ਹੈ ਅਤੇ ਕਮਿਉਨਿਟੀ ਵਿੱਚ ਪੂੰਜੀ ਨਿਵੇਸ਼ (ਇਨਵੈਸਟ) ਕਿਵੇਂ ਕਰਦੀ ਹੈ
- ਲੀਡਰਸ਼ਿੱਪ ਟੀਮ ਨੂੰ ਸਲਾਹ ਅਤੇ ਸੇਧ ਦੇਣਗੇ

## ਵੋਟ ਕਰਨ ਦੇ ਚਾਰ ਸੌਖੇ ਢੰਗ।*

### ਮੋਬਾਈਲ

**ਸ਼ੁੱਕਰਵਾਰ, 26 ਅਪ੍ਰੈਲ ਦੇ ਸ਼ਾਮ ਦੇ 4:30 ਵਜੇ ਤੱਕ ਵੈਨਸਿਟੀ ਦੇ ਮੋਬਾਈਲ ਐਪ 'ਤੇ ਵੋਟ ਕਰੋ।**

*ਬਿਜ਼ਨਿਸ ਮੈਂਬਰ ਮੋਬਾਈਲ ਐਪ 'ਤੇ ਵੋਟ ਨਹੀਂ ਕਰ ਸਕਦੇ।*

### ਆਨਲਾਈਨ

**ਸ਼ੁੱਕਰਵਾਰ, 26 ਅਪ੍ਰੈਲ ਦੇ ਸ਼ਾਮ ਦੇ 4:30 ਵਜੇ ਤੱਕ vancity.com 'ਤੇ ਆਨਲਾਈਨ ਵੋਟ ਕਰੋ।**

*ਬਿਜ਼ਨਿਸ ਮੈਂਬਰ ਆਨਲਾਈਨ ਵੋਟ ਨਹੀਂ ਕਰ ਸਕਦੇ।*

### ਡਾਕ ਰਾਹੀਂ

**ਡਾਕ ਰਾਹੀਂ ਭੇਜੀਆਂ ਜਾਣ ਵਾਲੀਆਂ ਵੋਟਾਂ 'ਤੇ ਸ਼ੁੱਕਰਵਾਰ 26 ਅਪ੍ਰੈਲ ਤੋਂ ਪਹਿਲਾਂ ਪਹਿਲਾਂ ਡਾਕ ਵਿੱਚ ਪਾਏ ਜਾਣ ਦੀ ਮੋਹਰ ਲੱਗੀ ਹੋਣੀ ਚਾਹੀਦੀ ਹੈ।**

### ਬ੍ਰਾਂਚ ਵਿੱਚ

**ਸ਼ੁੱਕਰਵਾਰ, 26 ਅਪ੍ਰੈਲ ਦੇ ਸ਼ਾਮ ਦੇ 4:30 ਵਜੇ ਤੱਕ ਚੋਣਵੀਂਆਂ ਬ੍ਰਾਂਚਾਂ ਵਿੱਚ ਜਾ ਕੇ ਵੋਟ ਪਾਉ। ਇਹਨਾਂ ਬ੍ਰਾਂਚਾਂ ਦੀ ਲੋਕੇਸ਼ਨ ਲਈ vancity.com/Election 'ਤੇ ਜਾਉ।**

ਇਲੈਕਸ਼ਨ ਬਾਰੇ ਪੂਰਾ ਵਿਸਥਾਰ ਜਾਣਨ ਲਈ, ਆਮ ਪੁੱਛੇ ਜਾਣ ਵਾਲੇ ਸਵਾਲਾਂ ਦੇ ਜਵਾਬਾਂ ਲਈ ਅਤੇ ਬੋਰਡ ਦੇ ਮੌਜੂਦਾ ਡਾਇਰੈਕਟਰਾਂ ਅਤੇ ਨੌਮੀਨੇਸ਼ਨਜ਼ ਐਂਡ ਇਲੈਕਸ਼ਨ ਕਮੇਟੀ (ਨਾਮਜ਼ਦਗੀਆਂ ਦੀ ਅਤੇ ਚੋਣ ਕਮੇਟੀ) ਬਾਰੇ ਹੋਰ ਜਾਣਕਾਰੀ ਲੈਣ ਲਈ vancity.com/Election 'ਤੇ ਜਾਉ। ਤੁਹਾਡੇ ਹੋਰ ਸਵਾਲ ਹਨ? ਕਿਰਪਾ ਕਰਕੇ 604-877-7595 'ਤੇ ਕਾਲ ਕਰ ਕੇ ਆਪਣੇ ਨਾਂ ਅਤੇ ਸੰਪਰਕ ਜਾਣਕਾਰੀ ਨਾਲ ਸੁਨੇਹਾ ਛੱਡੋ ਜਾਂ **election@vancity.com** 'ਤੇ ਈਮੇਲ ਕਰੋ।

* ਤੁਸੀਂ ਸਿਰਫ ਇਕ ਵਾਰ ਹੀ ਵੋਟ ਪਾ ਸਕਦੇ ਹੋ, ਭਾਵੇਂ ਤੁਹਾਡੇ ਕਿੰਨੇ ਵੀ ਅਕਾਊਂਟ ਹੋਣ। ਸਿਰਫ ਇਕ ਛੋਟ ਹੈ, ਜੇ ਤੁਹਾਡੇ ਨਿੱਜੀ ਅਕਾਊਂਟ ਤੋਂ ਬਿਨਾਂ ਤੁਹਾਡਾ ਕਾਰਪੋਰੇਟ ਜਾਂ ਪਾਰਟਨਰਸ਼ਿੱਪ ਅਕਾਊਂਟ ਵੀ ਹੈ ਅਤੇ ਆਪਣੀ ਬਿਜ਼ਨਿਸ ਵੋਟ ਵਿੱਚ *ਡੈਜ਼ੀਗਨੇਸ਼ਨ ਆਫ ਵੋਟਰ* ਸੈਕਸ਼ਨ ਮੁਕੰਮਲ ਕੀਤਾ ਹੈ।

Vancity

# ਉਮੀਦਵਾਰਾਂ ਨੂੰ ਮਿਲੋ।





**1.**

## Aron Lageri

ਮੇਰਾ ਨਾਂ ਐਰਨ ਲੰਗੇਰੀ ਹੈ ਅਤੇ ਮੈਂ ਵੈਨਸਿਟੀ ਦੇ ਡਾਇਰੈਕਟਰਾਂ ਦੇ ਬੋਰਡ (ਬੋਰਡ ਆਫ ਡਾਇਰੈਕਟਰਜ਼) 'ਤੇ ਸੇਵਾ ਕਰਨਾ ਚਾਹੁੰਦਾ ਹਾਂ। ਮੇਰਾ ਇਹ ਵਿਸ਼ਵਾਸ ਹੈ ਕਿ ਵੈਨਸਿਟੀ ਨੇ ਕਈ ਸਾਲਾਂ ਤੋਂ ਕਮਿਊਨਿਟੀ ਦੀ ਮਿਹਨਤ ਅਤੇ ਸੂਝ ਬੂਝ ਨਾਲ ਸੇਵਾ ਕੀਤੀ ਹੈ। ਕਮਿਊਨਿਟੀ ਨਾਲ ਇਹ ਭਾਈਵਾਲੀ ਇਕ ਵੰਨ-ਸੁਵੰਨੇ ਅਤੇ ਕਮਿਊਨਿਟੀ ਦੀਆਂ ਲੋੜਾਂ ਬਾਰੇ ਜਾਣਨ ਵਾਲੇ ਬੋਰਡ ਨਾਲ ਹੋਰ ਵੀ ਮਜ਼ਬੂਤ ਹੋ ਸਕਦੀ ਹੈ। ਡਿਜੀਟਲ ਤਕਨੌਲੌਜੀਆਂ ਦੀ ਸ਼ੁਰੂਆਤ ਕਰਨ, ਪ੍ਰਬੰਧ ਕਰਨ, ਨਵਿਆਉਣ ਅਤੇ ਹੈਲਥ ਕੇਅਰ ਵਿੱਚ ਸ਼ਮੂਲੀਅਤ ਕਰਨ ਵਾਲੇ ਲੋਕਾਂ ਵਲੋਂ ਮਿਲੀਆਂ ਰਾਵਾਂ 'ਤੇ ਗੌਰ ਕਰਨ ਦੇ ਸੰਬੰਧ ਵਿੱਚ ਮੇਰਾ ਹੈਲਥ ਕੇਅਰ ਦੇ ਖੇਤਰ ਵਿੱਚ 25 ਸਾਲਾਂ ਦਾ ਤਜਰਬਾ ਹੈ। ਕੈਨੇਡੀਅਨ ਐਸੋਸੀਏਸ਼ਨ ਆਫ ਮੈਡੀਕਲ ਰੇਡੀਏਸ਼ਨ ਟੈਕਨੌਲੌਜਿਸਟਸ ਦੀ ਪ੍ਰੈਕਟਿਸ ਐਂਡ ਐਡਵਾਇਜ਼ਰੀ ਕਾਊਂਸਲ ਦਾ ਮੈਂਬਰ ਹੋਣ ਦੇ ਨਾਲ ਨਾਲ ਮੈਂ ਫਰੇਜ਼ਰ ਵੈਲੀ ਦੀ ਗਵਰਨੈਂਸ ਕਮੇਟੀ 'ਤੇ ਰੀਐਲਟਰ ਕਮੇਟੀ ਮੈਂਬਰ ਵਜੋਂ ਵੀ ਸੇਵਾ ਕਰ ਰਿਹਾ ਹਾਂ। ਮੇਰਾ ਵਿਚਾਰ ਹੈ ਕਿ ਵੱਡੀ ਕਮਿਊਨਿਟੀ ਨਾਲ ਹੈਲਥ ਕੇਅਰ ਤੋਂ ਲੈ ਕੇ ਰੀਐਲਟਰ ਤੱਕ ਦਾ ਮੇਰਾ ਤਜਰਬਾ ਵੈਨਸਿਟੀ ਦੇ ਬੋਰਡ ਵਿੱਚ ਇਕ ਬਹੁ-ਭਾਂਤੀ ਪੋਰਟਫੋਲੀਓ ਦਾ ਵਾਧਾ ਕਰੇਗਾ। ਮੈਂ ਕਮਿਊਨਿਟੀ ਅਤੇ ਵੈਨਸਿਟੀ ਦੀ "ਫਾਈਨੈਂਸ਼ਿਅਲ ਫੋਰਸ ਆਫ ਚੇਂਜ (ਤਬਦੀਲੀ ਦੀ ਵਿੱਤੀ ਸ਼ਕਤੀ)" ਵਾਲੀ ਦੂਰਦ੍ਰਿਸ਼ਟੀ ਅਤੇ ਉਦੇਸ਼ਾਂ ਦੀ ਸੇਵਾ ਕਰਨ ਲਈ ਪ੍ਰਤੀਬੱਧ ਹਾਂ।

ਲਿੰਕਡਿਨ: linkedin.com/in/aronjit-ash-lageri-bsc-pg-c-ltc-administration-72434461/
ਫੇਸਬੁੱਕ: facebook.com/aronjit.lageri



**2.**

## Bob Mann

**ਸਿਫਾਰਿਸ਼ ਕੀਤੀ ਗਈ ਹੈ।**

ਕੰਪਨੀਆਂ ਵਲੋਂ ਕਮਿਊਨਿਟੀਆਂ ਅਤੇ ਈਕੋਸਿਸਟਮ 'ਤੇ ਪਾਏ ਜਾਂਦੇ ਵੱਡੇ ਪ੍ਰਭਾਵਾਂ ਬਾਰੇ ਮੇਰੀ ਡੂੰਘੀ ਸਮਝ ਮੇਰੇ ਕੈਰੀਅਰ ਨੂੰ ਸੇਧ ਦੇਣ ਵਾਲਾ ਸਿਧਾਂਤ ਹੈ। ਮੈਂ ਵਾਧੇ ਨੂੰ ਉਤਸ਼ਾਹਿਤ ਕਰਦਿਆਂ ਕਾਇਮ-ਰਹਿਣਯੋਗਤਾ (ਸਸਟੇਨੇਬਿਲਟੀ) ਅਤੇ ਜ਼ਿੰਮੇਵਾਰ ਪ੍ਰਬੰਧ ਦੀ ਜ਼ੋਰਦਾਰ ਪ੍ਰਤੀਬੱਧਤਾ ਨਾਲ ਸੰਸਥਾਂਵਾਂ ਦੀ ਪੁਰਜੋਸ਼ ਅਗਵਾਈ ਕੀਤੀ ਹੈ। ਮੈਂ ਪੂਰੀ ਤਰ੍ਹਾਂ ਵਿਸ਼ਵਾਸ ਕਰਦਾ ਹਾਂ ਕਿ ਮੌਕੇ ਵਾਧੇ ਅਤੇ ਕਾਇਮ-ਰਹਿਣਯੋਗਤਾ ਦੇ ਸੁਮੇਲ 'ਚ ਹਾਜ਼ਰ ਹਨ। ਵਾਧੇ ਵਾਲੀ ਸੋਚ ਨੂੰ ਕਾਇਮ-ਰਹਿਣਯੋਗਤਾ ਦੇ ਸਮਰਪਤ ਅਸੂਲਾਂ ਨਾਲ ਜੋੜਨ ਨਾਲ ਤੇਜ਼ੀ ਨਾਲ ਵਿਕਾਸ ਕਰ ਰਹੀ ਗਰੀਨ ਇਕਾਨਮੀ ਵਿੱਚ ਵੈਲਿਊ ਕਰੀਏਸ਼ਨ (ਲਾਹੇਵੰਦ ਕੀਮਤ ਪੈਦਾ ਕਰਨ) ਲਈ ਨਵੇਂ ਰਾਹ ਖੁੱਲ੍ਹਦੇ ਹਨ। ਇਹਨਾ ਤਜਰਬਿਆਂ ਨੂੰ ਵੈਨਸਿਟੀ ਲਈ ਵੱਡੀਆਂ ਪ੍ਰਾਪਤੀਆਂ ਪੈਦਾ ਕਰਨ ਲਈ ਵਰਤਣ ਦੀ ਸੰਭਾਵਨਾ ਬਾਰੇ ਮੈਂ ਸੱਚੇ ਦਿਲੋਂ ਉਤਸਕ ਹਾਂ। ਮੈਂ ਵਿਸ਼ਵਾਸ ਕਰਦਾ ਹਾਂ ਕਿ ਮੈਂ ਮੈਂਬਰਾਂ, ਹਿੱਤ-ਰੱਖਣ ਵਾਲਿਆਂ ਅਤੇ ਵੱਡੀ ਕਮਿਊਨਿਟੀ ਲਈ ਹਾਂ-ਪੱਖੀ ਅਤੇ ਟਿਕਾਊ ਪ੍ਰਭਾਵ ਪੈਦਾ ਕਰਦਿਆਂ ਵੈਨਸਿਟੀ ਦੀਆਂ ਕਦਰਾਂ ਕੀਮਤਾਂ ਅਤੇ ਦੂਰਦ੍ਰਿਸ਼ਟੀ ਵਾਲੀਆਂ ਇੱਛਾਵਾਂ ਦੇ ਸੁਮੇਲ ਵਾਲਾ ਰਾਹ ਪੈਦਾ ਕਰਨ ਵਿੱਚ ਯੋਗਦਾਨ ਪਾ ਸਕਦਾ ਹਾਂ।



**3.**

## Michael Hwang

"ਫਾਈਨੈਂਸ਼ਿਅਲ ਫੋਰਸ ਆਫ ਚੇਂਜ (ਤਬਦੀਲੀ ਦੀ ਵਿੱਤੀ ਸ਼ਕਤੀ)" ਵਜੋਂ ਵੈਨਸਿਟੀ ਦੀ ਦੂਰਦ੍ਰਿਸ਼ਟੀ ਵੰਨ-ਸੁਵੰਨੇ ਪਿਛੋਕੜਾਂ ਵਾਲੇ ਲੋਕਾਂ, ਕਮਿਊਨਿਟੀਆਂ ਅਤੇ ਸਭਿਆਚਾਰਾਂ ਤੋਂ ਗ੍ਰਹਿਣ ਕੀਤੇ ਸਬਕਾਂ ਅਤੇ ਤਜਰਬਿਆਂ ਨਾਲ ਘੜੀਆਂ ਅਤੇ ਹੋਂਦ ਵਿੱਚ ਆਈਆਂ ਮੇਰੀਆਂ ਕਦਰਾਂ ਕੀਮਤਾਂ ਅਤੇ ਇੱਛਾਵਾਂ ਲਈ ਡੂੰਘਾ ਅਰਥ ਰੱਖਦੀ ਹੈ। ਇਸ ਦੇ ਬੋਰਡ ਉੱਤੇ ਸੇਵਾ ਕਰਕੇ ਜ਼ਿਆਦਾ ਸ਼ਮੂਲੀਅਤ ਵਾਲੇ, ਕਾਇਮ-ਰਹਿਣਯੋਗ ਅਤੇ ਨਿਆਂਇਕ ਵਿੱਤੀ ਭਵਿੱਖ ਵਿੱਚ ਯੋਗਦਾਨ ਪਾ ਕੇ ਮੈਂ ਵੈਨਸਿਟੀ ਦੀ ਦੂਰਦ੍ਰਿਸ਼ਟੀ ਦਾ ਸਤਿਕਾਰ ਅਤੇ ਬਚਾਅ ਕਰਨਾ ਚਾਹੁੰਦਾ ਹਾਂ। ਵੱਖ ਵੱਖ ਸੈਕਟਰਾਂ ਵਿੱਚ ਤਜਰਬੇ, ਜ਼ਿੰਮੇਵਾਰ ਵਿੱਤੀ ਪ੍ਰਬੰਧ ਨਾਲ ਪ੍ਰਤੀਬੱਧਤਾ ਅਤੇ ਸਮਾਜਕ ਇਨਸਾਫ ਲਈ ਉਤਸ਼ਾਹ ਨਾਲ, ਮੈਂ ਕਾਇਮ-ਰਹਿਣਯੋਗ ਵਾਧੇ, ਕਮਿਊਨਿਟੀ ਦੀ ਭਲਾਈ ਅਤੇ ਸਾਰਿਆਂ ਵਾਸਤੇ ਵਿੱਤੀ ਸ਼ਮੂਲੀਅਤ ਲਈ ਸੂਝ ਪ੍ਰਦਾਨ ਕਰਦਾ ਹਾਂ। ਮੈਂ ਜਿਸ ਸੰਸਥਾ ਦਾ ਹਿੱਸਾ ਬਣਦਾ ਹਾਂ, ਉਸ ਸੰਸਥਾ ਦੇ ਇਤਿਹਾਸ ਦਾ ਆਦਰ ਕਰਦਿਆਂ, ਮੈਂ ਹਮੇਸ਼ਾਂ ਹੀ 'ਭਵਿੱਖ ਵੱਲ ਪਿਛਲਖੁਰੀ ਤੁਰਨ" ਦੇ ਨਜ਼ਰੀਏ ਤੋਂ ਉਸ ਸੰਸਥਾ ਦੀ ਸੇਵਾ ਕਰਦਾ ਹਾਂ। ਇਕ ਡਾਇਰੈਕਟਰ ਵਜੋਂ ਮੈਂ ਦਿਆਨਤਦਾਰੀ, ਪਾਰਦਰਸ਼ਤਾ, ਸਤਿਕਾਰ ਅਤੇ ਸਾਰਿਆਂ ਦੀ ਸਹਿਮਤੀ ਬਣਾਉਣ ਅਤੇ ਕਰਮਚਾਰੀਆਂ, ਮੈਂਬਰਾਂ ਅਤੇ ਉਹਨਾਂ ਕਮਿਊਨਿਟੀਆਂ ਲਈ ਹਾਂ-ਪੱਖੀ ਤਬਦੀਲੀ ਲਿਆਉਣ ਲਈ ਵਚਨਬੱਧ ਹਾਂ ਜਿਹਨਾਂ ਕਮਿਊਨਿਟੀਆਂ ਨੂੰ ਅਸੀਂ ਸੇਵਾ ਪ੍ਰਦਾਨ ਕਰਦੇ ਹਾਂ।

ਈਮੇਲ: michael@hanada.ca
ਲਿੰਕਡਿਨ: linkedin.com/in/probx



4.

**Sarah Sidhu**

ਸਿਫਾਰਿਸ਼ ਕੀਤੀ ਗਈ ਹੈ।

ਹਰ ਇਕ ਦੀ ਪ੍ਰਫੁਲਤਾ ਲਈ ਇਕਾਨਮੀ ਅਤੇ ਸੰਸਾਰ ਸਿਰਜਣ ਲਈ ਵੈਨਸਿਟੀ ਦੀ ਲੀਡਰਸ਼ਿੱਪ ਅਤੇ ਪ੍ਰਤੀਬੱਧਤਾ ਜੋਸ਼ ਭਰਨ ਵਾਲੀ ਗੱਲ ਹੈ। ਮਕਸਦ ਲਈ ਕੰਮ ਕਰਦੀਆਂ ਸੰਸਥਾਵਾਂ ਲਈ ਕੰਮ ਕਰਨਾ ਮੈਨੂੰ ਪ੍ਰੇਰਿਤ ਕਰਦਾ ਹੈ ਅਤੇ ਵੰਨਸੁਵੰਨਤਾ, ਘੱਟ ਨੁਮਾਇੰਦਗੀ ਵਾਲੀਆਂ ਕਮਿਊਨਿਟੀਆਂ ਦੀ ਸੇਵਾ ਕਰਨ ਅਤੇ ਕਾਇਮ-ਰਹਿਣਯੋਗਤਾ (ਸਸਟੇਨੇਬਿਲਟੀ) ਲਈ ਵੈਨਸਿਟੀ ਦੀ ਪ੍ਰਤੀਬੱਧਤਾ ਮੇਰੇ ਲਈ ਡੂੰਘੇ ਅਰਥ ਰੱਖਦੀ ਹੈ। ਮੈਂ ਲੋਅਰ ਮੇਨਲੈਂਡ ਵਿੱਚ ਵੱਡੀ ਹੋਈ ਹਾਂ ਅਤੇ ਮੈਂ ਆਪਣੀ ਕਮਿਊਨਿਟੀ ਲਈ ਕੰਮ ਕਰਨਾ ਚਾਹੁੰਦੀ ਹਾਂ ਅਤੇ ਇਸ ਤਰ੍ਹਾਂ ਦਾ ਯੋਗਦਾਨ ਪਾਉਣਾ ਚਾਹੁੰਦੀ ਹਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਲਈ ਮਦਦਗਾਰ ਹੋਵੇ।



5.

**Joel DeYoung**

ਸਿਫਾਰਿਸ਼ ਕੀਤੀ ਗਈ ਹੈ।

ਅੱਧੇ ਦਹਾਕੇ ਤੋਂ ਵੈਨਸਿਟੀ ਦੇ ਬੋਰਡ ਦਾ ਹਿੱਸਾ ਹੁੰਦਿਆਂ, ਮੈਂ ਜੀਓਪੋਲੀਟਕਲ ਉਥਲ-ਪੁਥਲ ਅਤੇ ਆਰਥਿਕ ਝਟਕਿਆਂ ਨਾਲ ਦੁਨੀਆ ਬਦਲਦੀ ਦੇਖੀ ਹੈ ਜਿਹਨਾਂ ਨੇ ਸਾਡੀ ਕਮਿਊਨਿਟੀ ਨੂੰ ਪ੍ਰਭਾਵਿਤ ਕਰ ਕੇ ਕਮਿਊਨਿਟੀ ਵਿੱਚ ਵਿੱਤੀ ਤਣਾਅ ਪੈਦਾ ਕੀਤਾ ਹੈ। ਇਹਨਾਂ ਖਲਬਲੀ ਭਰੇ ਸਮਿਆਂ ਵਿੱਚ ਵੈਨਸਿਟੀ ਆਪਣੇ ਮੈਂਬਰਾਂ ਦੇ ਸਮਰਥਨ ਵਿੱਚ ਇਕ ਥੰਮ ਵਜੋਂ ਅਡੋਲ ਖੜੀ ਹੈ ਅਤੇ ਉਹਨਾਂ ਨੂੰ ਅਨਿਸ਼ਚਤਤਾ ਵਿਚਕਾਰ ਸਥਿਰਤਾ ਪ੍ਰਦਾਨ ਕਰਦੀ ਹੈ।

ਵੈਨਸਿਟੀ ਦੀ ਪ੍ਰਤੀਬੱਧਤਾ ਇਕ ਇਕੱਲੇ ਵਿਅਕਤੀ ਤੋਂ ਅਗਾਂਹ ਜਾਂਦੀ ਹੈ; ਇਹ ਸਰਗਰਮੀ ਨਾਲ ਢਾਂਚਾਗਤ ਤਬਦੀਲੀ ਨੂੰ ਅੱਗੇ ਵਧਾਉਂਦੀ ਹੈ। ਆਪਣੀਆਂ ਕੇਂਦਰੀ ਕਦਰਾਂ ਕੀਮਤਾਂ ਵਿੱਚ ਸੁਲਹ-ਸਫਾਈ ਸ਼ਾਮਲ ਕਰਨ ਤੋਂ ਲੈ ਕੇ ਜਲਵਾਯੂ ਦੇ ਸੰਕਟ ਲਈ ਵਿੱਤੀ ਹੱਲ ਲੱਭਣ ਵਿੱਚ ਮੋਢੀ ਬਣ ਕੇ, ਵੈਨਸਿਟੀ ਮਕਸਦ ਭਰਪੂਰ ਅਗਵਾਈ ਪ੍ਰਦਾਨ ਕਰਦੀ ਹੈ।

ਲੰਮੇ ਸਮੇਂ ਤੋਂ ਵੈਨਸਿਟੀ ਦਾ ਮੈਂਬਰ ਹੁੰਦਿਆਂ ਅਤੇ ਇਸ ਸਮੇਂ ਬੋਰਡ ਦਾ ਉੱਪ-ਪ੍ਰਧਾਨ ਹੁੰਦਿਆਂ, ਮੈਨੂੰ ਇਸ ਕਾਇਆ ਪਲਟ ਕਰਨ ਵਾਲੇ ਸਫਰ ਦਾ ਹਿੱਸਾ ਹੋਣ ਦਾ ਮਾਣ ਹੈ। ਡੂੰਘੀਆਂ ਜੜ੍ਹਾਂ ਵਾਲੀਆਂ ਕਦਰਾ ਕੀਮਤਾਂ ਤੋਂ ਸੇਧ ਲੈਂਦਿਆਂ, ਸਾਡੀ ਕ੍ਰੈਡਿਟ ਯੂਨੀਅਨ ਕਮਿਊਨਿਟੀ ਦੀ ਦੁਬਾਰਾ ਉਭਰਨ ਦੀ ਸ਼ਕਤੀ ਨੂੰ ਮਜ਼ਬੂਤ ਕਰਦੀ ਹੈ ਅਤੇ ਹਰ ਮੈਂਬਰ ਦੀਆਂ ਵੱਖਰੀਆਂ ਵੱਖਰੀਆਂ ਵਿੱਤੀ ਲੋੜਾਂ ਦੀ ਪੂਰਤੀ ਕਰਦੀ ਹੈ। ਸਾਡੀ ਸਾਂਝੀ ਕਾਮਯਾਬੀ ਸਾਡੀ ਸਮੂਹਿਕ ਭਲਾਈ 'ਤੇ ਨਿਰਭਰ ਕਰਦੀ ਹੈ।

ਵੈਨਸਿਟੀ ਦੇ ਡਾਇਰੈਕਟਰ ਵਜੋਂ ਸੇਵਾ ਕਰਨੀ, ਇਕ ਖਾਸ ਅਧਿਕਾਰ ਹੈ ਅਤੇ ਜੇ ਮੈਂ ਦੁਬਾਰਾ ਚੁਣਿਆ ਗਿਆ ਤਾਂ ਮੈਂ ਇਸ ਪ੍ਰਭਾਵਸ਼ਾਲੀ ਕੰਮ ਨੂੰ ਅੱਗੇ ਵਧਾਉਣ ਦੀ ਉਮੀਦ ਕਰਦਾ ਹਾਂ।

ਈਮੇਲ: joel@votedeyoung.ca
ਫੇਸਬੁੱਕ: fb.me/joelvancity
ਵੈੱਬਸਾਈਟ: votedeyoung.ca



6.

**Bill Chan**

ਸਿਫਾਰਿਸ਼ ਕੀਤੀ ਗਈ ਹੈ।

ਪਿਛਲੇ ਕੁੱਝ ਸਾਲ ਬੇਮਿਸਾਲ ਰਹੇ ਹਨ ਅਤੇ ਪਿਛਲੇ ਛੇ ਸਾਲਾ ਤੋਂ ਵੈਨਸਿਟੀ ਦੇ ਬੋਰਡ ਦੇ ਡਾਇਰੈਕਟਰ ਵਜੋਂ ਮੈਂ ਆਪਣੇ ਮੈਂਬਰਾਂ ਅਤੇ ਕਮਿਊਨਿਟੀਆਂ ਦੀ ਮਦਦ ਕਰਨ 'ਤੇ ਧਿਆਨ ਕੇਂਦਰਿਤ ਕਰਦਿਆਂ ਅਤੇ ਬੈਂਕਿੰਗ ਰਾਹੀਂ ਲੋੜਾਂ ਦੀ ਪੂਰਤੀ ਕਰਦਿਆਂ ਆਪਣਾ ਕੰਮ ਜਾਰੀ ਰੱਖਣਾ ਚਾਹਾਂਗਾ।

ਮੈਂ ਵੈਨਕੂਵਰ ਦੇ ਵਰਕਿੰਗ-ਕਲਾਸ ਇਲਾਕੇ ਵਿੱਚ ਵੱਡਾ ਹੋਇਆ ਹਾਂ ਅਤੇ ਮੈਨੂੰ ਇਸ ਵੰਨ-ਸੁਵੰਨੀ ਕਮਿਊਨਿਟੀ ਵਿੱਚ ਪਰਿਵਾਰ ਪਾਲਣ 'ਤੇ ਮਾਣ ਹੈ। ਮੈਂ ਵੀਹਵਿਆਂ ਦੀ ਉਮਰ ਤੋਂ ਵੈਨਸਿਟੀ ਦਾ ਮੈਂਬਰ ਹਾਂ ਕਿਉਂਕਿ ਵੈਨਸਿਟੀ ਦੀਆਂ ਕਦਰਾਂ-ਕੀਮਤਾਂ ਅਤੇ ਵਿਸ਼ਵਾਸ ਮੇਰੀਆਂ ਕਦਰਾਂ ਕੀਮਤਾਂ ਅਤੇ ਵਿਸ਼ਵਾਸਾਂ ਨਾਲ ਮੇਲ ਖਾਂਦੇ ਹਨ।

ਮੈਂ ਚਾਰਟਰਡ ਪ੍ਰੋਫੈਸ਼ਨਲ ਅਕਾਊਂਟੈਂਟ ਹਾਂ ਅਤੇ ਮੈਨੂੰ ਵਾਤਾਰਵਰਣ ਅਤੇ ਕਾਇਮ-ਰਹਿਣਯੋਗਤਾ (ਸਸਟੇਨੇਬਿਲਟੀ) ਦੇ ਖੇਤਰ ਵਿੱਚ ਤਜਰਬਾ ਹੈ।

ਮੈਂ ਤੁਹਾਡੀ ਵੋਟ ਲਈ ਬੇਨਤੀ ਕਰ ਰਿਹਾ ਹਾਂ ਅਤੇ ਮੈਂ ਉਹਨਾਂ ਚੀਜ਼ਾਂ 'ਤੇ ਕੰਮ ਕਰਨਾ ਜਾਰੀ ਰੱਖ ਕੇ ਮਾਣ ਮਹਿਸੂਸ ਕਰਾਂਗਾ, ਜਿਹੜੀਆਂ ਚੀਜ਼ਾਂ ਸਾਡੇ ਲਈ ਮਹੱਤਵਪੂਰਨ ਹਨ - ਸਾਡੀ ਭਲਾਈ ਅਤੇ ਉਹਨਾਂ ਕਮਿਊਨਿਟੀਆਂ ਵਿੱਚ ਵੰਨ-ਸੁਵੰਨੇ ਪਿਛੋਕੜਾਂ ਦੇ ਲੋਕਾਂ ਨੂੰ ਤਰੱਕੀ ਕਰਨ ਲਈ ਇਕੱਠੇ ਕਰਨਾ ਜਿਹਨਾਂ ਕਮਿਊਨਿਟੀਆਂ ਨੂੰ ਅਸੀਂ ਘਰ ਕਹਿੰਦੇ ਹਾਂ।

ਈਮੇਲ: 1billchanvancity@gmail.com
ਫੇਸਬੁੱਕ: facebook.com/1billchanvancity
ਐਕਸ: X.com/billchan



7.

## Dorin Radu

ਮੇਰਾ ਨਾਂ ਡੋਰਿਨ ਰਾਡੂ ਹੈ ਅਤੇ ਵੈਨਸਿਟੀ ਦੇ ਬੋਰਡ ਦੇ ਡਾਇਰੈਕਟਰ ਦੇ ਅਹੁਦੇ ਲਈ ਇਕ ਉਮੀਦਵਾਰ ਬਣਨ ਦਾ ਐਲਾਨ ਕਰਦਿਆਂ ਮੈਨੂੰ ਖੁਸ਼ੀ ਹੋ ਰਹੀ ਹੈ। ਮੈਂ ਵੈਨਸਿਟੀ ਨੂੰ ਮੈਂਬਰਾਂ ਅਤੇ ਕਮਿਊਨਿਟੀਆਂ ਦੀ ਸੇਵਾ ਕਰਨ ਵਾਲੀ ਇਕ ਵਧੀਆ ਕ੍ਰੈਡਿਟ ਯੂਨੀਅਨ ਬਣਾਉਣ ਦੇ ਯਤਨ ਵਜੋਂ ਬੋਰਡ ਦੇ ਦੂਸਰੇ ਮੈਂਬਰਾਂ ਅਤੇ ਮੈਨੇਜਮੈਂਟ ਦੀ ਟੀਮ ਨਾਲ ਮਿਲ ਕੇ ਕੰਮ ਕਰਨ ਦੀ ਉਮੀਦ ਕਰਦਾ ਹਾਂ।

ਤੁਹਾਡੇ ਵਿੱਚੋਂ ਜਿਹੜੇ ਮੈਨੂੰ ਨਹੀਂ ਜਾਣਦੇ, ਉਹਨਾਂ ਨੂੰ ਮੈਂ ਦੱਸਣਾ ਚਾਹੁੰਦਾ ਹਾਂ ਕਿ ਮੈਂ 29 ਸਾਲਾਂ ਤੋਂ ਗਰੇਟਰ ਵੈਨਕੂਵਰ ਵਿੱਚ ਰਹਿ ਰਿਹਾ ਹਾਂ ਅਤੇ ਇੱਥੇ ਮੈਂ ਆਪਣੇ ਸਮੇਂ ਦਾ ਪੂਰੀ ਤਰ੍ਹਾਂ ਆਨੰਦ ਮਾਣਿਆ ਹੈ। ਇੱਥੇ ਮੈਂ ਕੰਮ ਕੀਤਾ ਹੈ ਅਤੇ ਪੜ੍ਹਾਈ ਕੀਤੀ ਹੈ। ਮੈਂ ਸੀ ਡੀ ਆਈ ਕਾਲਜ ਆਫ ਬਿਜ਼ਨਿਸ ਐਂਡ ਤਕਨੌਲੋਜੀ ਤੋਂ ਕੰਪਿਊਟਰ ਪ੍ਰੋਗਰਾਮਿੰਗ ਵਿੱਚ ਡਿਪਲੋਮਾ ਅਤੇ ਕੈਨੇਡੀਅਨ ਵਰਗੀਕਰਨ ਅਨੁਸਾਰ ਪ੍ਰੋਫੈਸ਼ਨਲ ਬਿਜ਼ਨਿਸ ਸਕਿਲਜ਼ ਲੈਵਲ 1 ਅਤੇ 2 ਹਾਸਲ ਕੀਤੇ ਹਨ।

ਵੈਨਸਿਟੀ ਦੇ ਬੋਰਡ ਦੇ ਮੈਂਬਰਾਂ ਨੂੰ ਅੱਗੇ ਦਿੱਤੀਆਂ ਚੀਜ਼ਾਂ ਦਾ ਪਤਾ ਹੋਣਾ ਜ਼ਰੂਰੀ ਹੈ: ਬੱਜਟ ਬਣਾਉਣਾ ਅਤੇ ਉਸ ਨੂੰ ਸਮਝਣਾ, ਸੰਸਥਾ ਦੇ ਵਿੱਤੀ ਕਾਰਜਾਂ ਦਾ ਪ੍ਰਬੰਧ ਕਰਨਾ, ਮੈਂਬਰਾਂ ਦੀਆਂ ਵਿੱਤੀ ਲੋੜਾਂ ਨਾਲ ਨਿਪਟਣਾ, ਵਿਚਾਰਾਂ ਬਾਰੇ ਗੱਲਬਾਤ ਕਰਨਾ ਅਤੇ ਉਹਨਾਂ ਨੂੰ ਅੱਗੇ ਵਧਾਉਣਾ, ਅਤੇ ਮੈਂਬਰਸ਼ਿੱਪ ਦੇ ਵਿਚਾਰਾਂ ਨੂੰ ਸੁਣਨਾ। ਮੇਰਾ ਵਿਸ਼ਵਾਸ ਹੈ ਕਿ ਲੀਡਰਸ਼ਿੱਪ ਮੈਨੇਜਮੈਂਟ ਵਿੱਚ ਮੇਰਾ ਪਿਛੋਕੜ, ਵਿੱਤੀ ਮੁਹਾਰਤ ਅਤੇ ਰਾਡੂ ਸਿਕਿਉਰਟੀ ਸਰਵਿਸਜ਼ ਵਿੱਚ 9 ਸਾਲਾਂ ਤੋਂ ਡਾਇਰੈਕਟਰ ਦੇ ਤੌਰ 'ਤੇ ਕੰਮ, ਮੈਨੂੰ ਇਸ ਅਹੁਦੇ ਲਈ ਸਭ ਤੋਂ ਵਧੀਆ ਉਮੀਦਵਾਰ ਬਣਾਉਂਦੇ ਹਨ । ਮੈਂ ਜਾਣਦਾ ਹਾਂ ਕਿ ਇਸ ਕੰਮ ਵਿੱਚ ਕੀ ਕੁੱਝ ਸ਼ਾਮਲ ਹੈ ਅਤੇ ਮੈਂ ਵਿਸ਼ਵਾਸ ਕਰਦਾ ਹਾਂ ਕਿ ਇਸ ਨੂੰ ਚੰਗੀ ਤਰ੍ਹਾਂ ਕਰਨ ਲਈ ਮੇਰੇ ਕੋਲ ਲੋੜੀਂਦਾ ਤਜਰਬਾ ਹੈ। ਇਸ ਦੇ ਨਾਲ ਹੀ ਮੈਂ ਬਹੁਤ ਉਤਸ਼ਾਹੀ ਵਿਅਕਤੀ ਹਾਂ ਅਤੇ ਹਰ ਉਸ ਕੰਮ ਲਈ ਆਪਣਾ ਪੂਰਾ ਜ਼ੋਰ ਲਾਉਂਦਾ ਹਾਂ, ਜਿਹੜਾ ਕੰਮ ਮੈਨੂੰ ਦਿੱਤਾ ਜਾਂਦਾ ਹੈ। ਜੇ ਤੁਸੀਂ ਮੈਨੂੰ ਪਸੰਦ ਕਰਦੇ ਹੋ ਅਤੇ ਵੈਨਸਿਟੀ ਦੇ ਮੈਂਬਰਾਂ ਦੀ ਮਦਦ ਕਰਨ ਦੇ ਮੇਰੇ ਟੀਚੇ 'ਤੇ ਵਿਸ਼ਵਾਸ ਕਰਦੇ ਹੋ, ਤਾਂ ਮਿਹਰਬਾਨੀ ਨਾਲ ਬੋਰਡ ਦੀ ਅਗਲੀ ਇਲੈਕਸ਼ਨ ਵਿੱਚ ਮੈਨੂੰ ਵੋਟ ਪਾਇਓ।

ਈਮੇਲ: dradu@telus.net



8.

## Juvarya Veltkamp

ਸਿਫਾਰਿਸ਼ ਕੀਤੀ ਗਈ ਹੈ।

ਰੋਜ਼ਾਨਾ ਜ਼ਿੰਦਗੀ ਦੇ ਜ਼ਿਆਦਾ ਖਰਚਿਆਂ ਨਾਲ ਨਿਪਟ ਰਹੇ ਇਕ ਜਵਾਨ ਪਰਿਵਾਰ ਦੀ ਮੈਂਬਰ ਹੁੰਦਿਆਂ, ਮੈਂ ਅੱਜ ਦੇ ਮਾਹੌਲ ਵਿੱਚ ਬੈਂਕ ਦੀਆਂ ਸੇਵਾਵਾਂ ਦੀ ਕੀਮਤ ਸਮਝਦੀ ਹਾਂ। ਵਿੱਤੀ ਮਾਮਲਿਆਂ ਬਾਰੇ ਸਾਨੂੰ ਅਜਿਹੀ ਪਹੁੰਚ ਦੀ ਲੋੜ ਹੈ, ਜਿਹੜੀ ਪਹੁੰਚ ਲੋਕਾਂ ਨੂੰ ਪਹਿਲੀ ਥਾਂ 'ਤੇ ਰੱਖੇ, ਇਤਿਹਾਸਕ ਗਲਤੀਆਂ ਨੂੰ ਠੀਕ ਕਰੇ, ਜਲਵਾਯੂ ਦੀ ਐਮਰਜੰਸੀ ਵੱਲ ਧਿਆਨ ਦੇਵੇ ਅਤੇ ਭਲਾਈ ਅਤੇ ਸੰਬੰਧਾਂ ਨੂੰ ਉਤਸ਼ਾਹਿਤ ਕਰੇ।

ਮੇਰਾ ਲੀਡਰਸ਼ਿੱਪ, ਪ੍ਰਬੰਧ ਅਤੇ ਵਿੱਤੀ ਖੇਤਰ ਵਿੱਚ 17 ਸਾਲਾਂ ਦਾ ਤਜਰਬਾ ਹੈ। ਇਸ ਤੋਂ ਪਹਿਲਾਂ ਮੈਂ ਯੂ ਬੀ ਸੀ ਵਿੱਚ ਡਾਇਰੈਕਟਰ, ਇਨ ਬੀ ਸੀ ਇਨਵੈਸਟਮੈਂਟ ਵਿੱਚ ਚੀਫ ਆਫ ਸਟਰੈਟਜੀ ਦੇ ਤੌਰ ਸੇਵਾ ਨਿਭਾ ਚੁੱਕੀ ਹਾਂ ਅਤੇ ਇਸ ਸਮੇਂ ਮੈਂ ਸੀ40 ਸਿਟੀਜ਼ ਵਿੱਚ ਸੀਨੀਅਰ ਐਡਵਾਈਜ਼ਰ ਵਜੋਂ ਸੇਵਾ ਕਰ ਰਹੀ ਹਾਂ।

ਮੇਰੇ ਕੋਲ ਗਲੋਬਲ ਕੰਪੀਟੈਂਟ ਬੋਰਡਜ ਦੀ ਉਪਾਧੀ ਹੈ, ਜਿਸ ਕਾਰਨ ਮੈਂ ਪ੍ਰਬੰਧ ਦੇ ਗੁੰਝਲਦਾਰ ਮਾਮਲਿਆਂ ਨਾਲ ਨਿਪਟ ਸਕਦੀ ਹਾਂ ਅਤੇ ਮੈਂ ਵੈਨਕੂਵਰ ਮੈਰੀਟਾਈਮ ਸੈਂਟਰ ਫਾਰ ਕਲਾਈਮੇਟ ਅਤੇ ਰੀਆਲਾਈਜ਼ ਕੈਪੀਟਲਜ਼ ਦੇ ਇੰਪੈਕਟ ਫੰਡ ਸਮੇਤ ਰੌਸ਼ਨ ਭਵਿੱਖ ਲਈ ਕੰਮ ਕਰ ਰਹੀਆਂ ਸੰਸਥਾਂਵਾਂ ਨੂੰ ਸਲਾਹ ਦਿੰਦੀ ਹਾਂ।

ਵੈਨਸਿਟੀ ਦੇ ਡਾਇਰੈਕਟਰ ਵਜੋਂ, ਮੈਂ ਮੈਂਬਰਾਂ ਦੇ ਹਿਤ ਵਿੱਚ ਫੈਸਲੇ ਕਰਨ ਵਿੱਚ ਹਾਂ-ਪੱਖੀ ਯੋਗਦਾਨ ਪਾਵਾਂਗੀ, ਤਾਂ ਜੋ ਵੈਨਸਿਟੀ ਸਾਡੇ ਸਾਂਝੇ ਵਿੱਤੀ ਹਿਤਾਂ ਦੀ ਸੁਰੱਖਿਆ ਕਰਦਿਆਂ ਕੀਮਤੀ ਕਦਰਾਂ ਕੀਮਤਾਂ ਦੀ ਪਾਲਣਾ ਕਰੇ।

ਇਹ ਸਫਰ ਜਾਰੀ ਰੱਖਦਿਆਂ ਤੁਹਾਡਾ ਭਰੋਸਾ ਅਤੇ ਤੁਹਾਡੀ ਵੋਟ ਪ੍ਰਾਪਤ ਕਰਨਾ ਮੇਰੇ ਲਈ ਇਕ ਮਾਣ ਵਾਲੀ ਗੱਲ ਹੋਵੇਗੀ।

ਲਿੰਕਡਿਨ: linkedin.com/in/juvaryaveltkamp
ਇੰਸਟਾਗ੍ਰਾਮ: instagram.com/juvarya8
ਐਕਸ: twitter.com/juvarya8

## ਵੋਟ ਪਾਉ ਅਤੇ ਤੁਸੀਂ ਇਕ ਇਨਾਮ ਜਿੱਤ ਸਕਦੇ ਹੋ!

ਆਪਣੇ ਬੋਰਡ ਦੇ ਡਾਇਰੈਕਟਰਾਂ ਨੂੰ ਵੋਟ ਪਾ ਕੇ ਤੁਸੀਂ:

**1000 ਡਾਲਰ ਦੇ 10 ਕੈਸ਼ ਕਰਨਯੋਗ ਟਰਮ ਡਿਪਾਜ਼ਟਾਂ ਵਿੱਚੋਂ 1 ਟਰਮ ਡਿਪਾਜ਼ਟ ਜਿੱਤ ਸਕਦੇ ਹੋ।**

ਜਿੱਤਣ ਦੇ ਮੌਕੇ ਲਈ ਆਪਣੇ ਆਪ ਨਾਂ ਦਰਜ ਕਰਵਾਉਣ ਲਈ ਮੋਬਾਈਲ ਐਪ, ਆਨਲਾਈਨ, ਡਾਕ ਰਾਹੀਂ ਜਾਂ ਵੈਨਸਿਟੀ ਦੀਆਂ ਚੋਣਵੀਆਂ ਬ੍ਰਾਂਚਾਂ ਵਿੱਚ ਜਾ ਕੇ ਵੋਟ ਪਾਉ।

ਕੋਈ ਚੀਜ਼ ਖ੍ਰੀਦਣ ਦੀ ਜ਼ਰੂਰਤ ਨਹੀਂ ਹੈ। ਹੋਰ ਵਿਸਥਾਰ ਅਤੇ ਮੁਕਾਬਲੇ ਦੇ ਸਾਰੇ ਦਫਤਰੀ ਨਿਯਮਾਂ ਬਾਰੇ ਜਾਣਨ ਲਈ vancity.com/Election 'ਤੇ ਜਾਉ।

## ਕੁੱਝ ਉਮੀਦਵਾਰਾਂ ਦੀ ਸਿਫਾਰਿਸ਼ ਕਿਉਂ ਕੀਤੀ ਗਈ ਹੈ?

ਬ੍ਰਿਟਿਸ਼ ਕੋਲੰਬੀਆ ਦੀਆਂ ਕ੍ਰੈਡਿਟ ਯੂਨੀਅਨਾਂ ਨੂੰ ਨਿਯਮਤ ਕਰਨ ਵਾਲੀ ਸੂਬਾਈ ਸਰਕਾਰ ਦੀ ਏਜੰਸੀ, ਬ੍ਰਿਟਿਸ਼ ਕੋਲੰਬੀਆ ਫਾਈਨੈਂਸ਼ਿਅਲ ਸਰਵਿਸਜ਼ ਅਥਾਰਟੀ (ਬੀ ਸੀ ਐੱਫ ਐੱਸ ਏ) ਦੀ ਮੰਗ ਮੁਤਾਬਕ, ਅਸੀਂ ਆਪਣੇ ਬੋਰਡ ਦੇ ਡਾਇਰੈਕਟਰਾਂ ਦੀ ਚੋਣ ਕਰਨ ਲਈ ਸਿਫਾਰਿਸ਼ ਦੇ ਅਮਲ ਦੀ ਪਾਲਣਾ ਕਰਦੇ ਹਾਂ। ਹਰ ਸਾਲ ਬੋਰਡ ਹਰ ਉਸ ਡਾਇਰੈਕਟਰ ਦੀਆਂ ਵਿਸ਼ੇਸ਼ਤਾਵਾਂ ਅਤੇ ਤਜਰਬਿਆਂ `ਤੇ ਗੌਰ ਕਰਦਾ ਹੈ, ਜਿਸ ਦੀ ਦੋਬਾਰਾ ਇਲੈਕਸ਼ਨ ਨਹੀਂ ਹੋ ਰਹੀ ਅਤੇ ਫਿਰ ਇਹ ਮੁੱਲਾਂਕਣ ਕਰਦਾ ਹੈ ਕਿ ਕਿਹੜੀਆਂ ਵਾਧੂ ਵਿਸ਼ੇਸ਼ਤਾਵਾਂ ਜਾਂ ਤਜਰਬੇ ਮੌਜੂਦਾ ਬੋਰਡ ਲਈ ਸਹਾਇਕ ਹੋਣਗੇ। ਫਿਰ ਹਰ ਸਾਲ ਨਵੰਬਰ ਵਿੱਚ ਭੇਜੇ ਜਾਂਦੇ ਨਾਮਜ਼ਦਗੀਆਂ ਲਈ ਸੱਦੇ ਵਿੱਚ ਇਹ ਜਾਣਕਾਰੀ ਮੈਂਬਰਾਂ ਨੂੰ ਦਿੱਤੀ ਜਾਂਦੀ ਹੈ।

ਚਾਰ ਨੌਨ-ਡਾਇਰੈਕਟਰਾਂ ਅਤੇ ਦੋ ਡਾਇਰੈਕਟਰਾਂ ਤੋਂ ਬਣੀ ਨੌਮੀਨੇਸ਼ਨਜ਼ ਐਂਡ ਇਲੈਕਸ਼ਨ ਕਮੇਟੀ (ਐੱਨ ਈ ਸੀ) ਨਾਮਜ਼ਦ ਵਿਅਕਤੀਆਂ ਵਲੋਂ ਦਿੱਤੀ ਜਾਣਕਾਰੀ ਨੂੰ ਦੇਖਦੀ ਹੈ ਅਤੇ ਹਰ ਇਕ ਨਾਮਜ਼ਦ ਵਿਅਕਤੀ ਨਾਲ ਵਿਸਤ੍ਰਿਤ ਇੰਟਰਵਿਊ ਕਰਦੀ ਹੈ। ਇੰਟਰਵਿਊਆਂ ਤੋਂ ਬਾਅਦ ਐੱਨ ਈ ਸੀ ਨਾਮਜ਼ਦਗੀਆਂ ਦੇ ਸੱਦੇ ਵਿੱਚ ਦਿੱਤੀਆਂ ਉਹਨਾਂ ਵਿਸ਼ੇਸ਼ਤਾਵਾਂ ਅਤੇ ਤਜਰਬਿਆਂ ਨੂੰ ਧਿਆਨ ਵਿੱਚ ਰੱਖਦਿਆਂ ਨਾਮਜ਼ਦ ਵਿਅਕਤੀਆਂ ਦਾ ਮੁੱਲਾਂਕਣ ਕਰਨ ਲਈ ਮਿਲਦੀ ਹੈ, ਜਿਹਨਾਂ ਵਿਸ਼ੇਸ਼ਤਾਵਾਂ ਅਤੇ ਤਜਰਬਿਆਂ ਨੂੰ ਬੋਰਡ ਅੱਗੇ ਵਧਾਉਣਾ ਜਾਂ ਮਜ਼ਬੂਤ ਕਰਨਾ ਚਾਹੁੰਦਾ ਹੈ।

ਐੱਨ ਈ ਸੀ ਬੋਰਡ ਅੱਗੇ ਪੰਜ ਤੱਕ ਉਮੀਦਵਾਰਾਂ ਦੀ ਬੋਰਡ ਦੀ ਮੈਂਬਰਸ਼ਿੱਪ ਲਈ ਸਿਫਾਰਿਸ਼ ਕਰ ਸਕਦੀ ਹੈ, ਜਿਹਨਾਂ ਉਮੀਦਵਾਰਾਂ ਵਿੱਚ ਸਭ ਤੋਂ ਵਧੀਆ ਢੰਗ ਨਾਲ ਉਹ ਵਿਸ਼ੇਸ਼ਤਾਵਾਂ ਅਤੇ ਤਜਰਬੇ ਦਿਖਾਈ ਦਿੰਦੇ ਹਨ ਜਿਹੜੇ ਮੌਜੂਦਾ ਬੋਰਡ ਦਾ ਸਮਰਥਨ ਕਰ ਸਕਦੇ ਹਨ ਅਤੇ ਉਸ ਨੂੰ ਮਜ਼ਬੂਤ ਬਣਾ ਸਕਦੇ ਹਨ।

ਭਾਵੇਂ ਕਿ ਪੰਜ ਤੱਕ ਉਮੀਦਵਾਰਾਂ ਦੀ ਸਿਫਾਰਿਸ਼ ਕੀਤੀ ਗਈ ਹੈ, ਫਿਰ ਵੀ ਵੈਨਸਿਟੀ ਦੇ ਹਰ ਮੈਂਬਰ ਤੋਂ ਇਹ ਉਮੀਦ ਕੀਤੀ ਜਾਂਦੀ ਹੈ ਕਿ ਉਹ ਉਸ ਉਮੀਦਵਾਰ/ਉਹਨਾਂ ਉਮੀਦਵਾਰਾਂ ਨੂੰ ਵੋਟ ਪਾਏਗਾ ਜਿਹੜਾ ਉਮੀਦਵਾਰ ਉਸ ਦੇ ਹਿਸਾਬ ਨਾਲ ਸਭ ਤੋਂ ਵਧੀਆ ਢੰਗ ਨਾਲ ਵੈਨਸਿਟੀ ਦੀਆਂ ਲੋੜਾਂ ਦੀ ਪੂਰਤੀ ਕਰਦਾ ਹੈ।

ਬੀ ਸੀ ਐੱਫ ਐੱਸ ਏ ਦੀ ਗਵਰਨੈਂਸ ਗਾਈਡ ਦੀ ਮੁਕੰਮਲ ਕਾਪੀ, ਡਾਇਰੈਕਟਰਾਂ ਲਈ ਚਾਹੀਦੀਆਂ ਵਿਸ਼ੇਸ਼ਤਾਵਾਂ ਅਤੇ ਤਜਰਬਿਆਂ, ਇਲੈਕਸ਼ਨ ਬਾਰੇ ਸੇਧਾਂ ਅਤੇ ਸਿਫਾਰਿਸ਼ ਕਰਨ ਦੇ ਅਮਲ ਬਾਰੇ ਹੋਰ ਜਾਣਕਾਰੀ **vancity.com/Election** `ਤੇ ਦੇਖੀ ਜਾ ਸਕਦੀ ਹੈ।

## ਧਰਤੀ ਲਈ ਯੋਜਨਾ



ਸਾਡੀ ਨੈੱਟ-ਜ਼ੀਰੋ ਦੀ ਵਚਨਬੱਧਤਾ ਤੋਂ ਲੈ ਕੇ ਸਾਡੇ ਵਲੋਂ ਬਾਹਰ ਭੇਜੇ ਜਾਂਦੇ ਪੇਪਰ, ਖਾਸ ਕਰਕੇ ਇਲੈਕਸ਼ਨ ਦੇ ਸਮੇਂ ਦੌਰਾਨ ਭੇਜੇ ਜਾਂਦੇ ਪੇਪਰ, ਦੀ ਮਾਤਰਾਂ ਘਟਾਉਣ ਦੇ ਸਾਡੇ ਟੀਚੇ ਤੱਕ, ਅਸੀਂ ਜਿੱਥੇ ਹੋ ਸਕਦਾ ਹੈ ਉੱਥੇ ਆਪਣਾ ਕਾਰਬਨ ਫੁੱਟਪ੍ਰਿੰਟ ਘਟਾਉਣ ਦੀ ਕੋਸ਼ਿਸ਼ ਕਰ ਰਹੇ ਹਾਂ। ਇਸ ਲਈ 2024 ਤੋਂ ਸ਼ੁਰੂ ਕਰ ਕੇ ਅਸੀਂ ਇਲੈਕਸ਼ਨ ਦੌਰਾਨ ਡਾਕ ਰਾਹੀਂ ਭੇਜੀ ਜਾਂਦੀ ਸਮੱਗਰੀ ਵਿੱਚੋਂ ਜ਼ਿਆਦਾ ਸਮੱਗਰੀ ਨੂੰ ਨਾ ਭੇਜਣਾ ਸ਼ੁਰੂ ਕਰ ਰਹੇ ਹਾਂ।

ਧਰਤੀ ਲਈ ਇਸ ਤੋਂ ਵੀ ਵੱਡਾ ਫਰਕ ਪਾਉਣ ਵਿੱਚ ਸਾਡੀ ਮਦਦ ਕਰਨ ਲਈ, ਕਿਰਪਾ ਕਰਕੇ ਆਨਲਾਈਨ ਜਾਂ ਸਾਡੇ ਮੋਬਾਈਲ ਐਪ ਰਾਹੀਂ ਵੋਟ ਪਾਉ। ਸੰਖੇਪ ਵਿੱਤੀ ਸਟੇਟਮੈਂਟਾਂ ਦੇ ਨਾਲ ਨਾਲ ਉਮੀਦਵਾਰਾਂ ਅਤੇ ਇਲੈਕਸ਼ਨ ਦੇ ਅਮਲ ਬਾਰੇ ਵਿਸਤ੍ਰਿਤ ਜਾਣਕਾਰੀ ਸਾਡੇ ਵੈੱਬਸਾਈਟ `ਤੇ ਉਪਲਬਧ ਹੈ। ਜੇ ਤੁਹਾਨੂੰ ਸਾਡੇ ਵਲੋਂ ਇਲੈਕਸ਼ਨ ਦਾ ਪੂਰਾ ਪੈਕਜ ਡਾਕ ਰਾਹੀਂ ਭੇਜਿਆਂ ਜਾਂਦਾ ਹੈ, ਤਾਂ ਤੁਸੀਂ **election@vancity.com** `ਤੇ ਈਮੇਲ ਕਰਕੇ ਇਸ ਨੂੰ ਬੰਦ ਕਰਵਾ ਸਕਦੇ ਹੋ। ਇਹ ਤਬਦੀਲੀ ਕਰਦਿਆਂ ਸੁਵਿਧਾ, ਸੁਰੱਖਿਆ ਅਤੇ ਕਾਗਜ਼ ਦਾ ਕੂੜਾ (ਪੇਪਰ ਵੇਸਟ) ਘਟਾਉਣ ਲਈ ਪੇਪਰ ਦੀਆਂ ਸਟੇਟਮੈਂਟਾਂ ਦੀ ਥਾਂ ਇਲੈਕਟ੍ਰੌਨਿਕ ਸਟੇਟਮੈਂਟਾਂ (ਈਸਟੇਟਮੈਂਟਸ) ਲੈਣ ਲਈ ਤਬਦੀਲੀ ਕਰਨ `ਤੇ ਗੌਰ ਕਰੋ।

## ਤੁਹਾਡੀ ਸੁਵਿਧਾ ਲਈ ਬ੍ਰਾਂਚ ਵਿੱਚ ਆ ਕੇ ਵੋਟ ਪਾਉਣ ਅਤੇ ਵੋਟ ਪਰਚੀਆਂ ਦੇ ਕੇ ਜਾਣ (ਡਰਾਪ-ਆਫ ਕਰਨ) ਦੀ ਸਹੂਲਤ

ਇਸ ਸਾਲ ਮੈਂਬਰਾਂ ਕੋਲ ਵੈਨਸਿਟੀ ਦੀਆਂ ਹੇਠਾਂ ਦਰਜ ਕੀਤੀਆਂ 24 ਕਮਿਊਨਿਟੀ ਬ੍ਰਾਂਚਾਂ ਵਿੱਚ ਆ ਕੇ ਵੋਟ ਪਾਉਣ ਜਾਂ ਮੁਕੰਮਲ ਅਤੇ ਸੀਲ ਕੀਤੀਆਂ ਵੋਟ ਪਰਚੀਆਂ ਦੇ ਕੇ ਜਾਣ (ਡਰਾਪ -ਆਫ ਕਰਨ) ਦੀ ਚੋਣ ਹੈ। ਹਮੇਸ਼ਾ ਵਾਂਗ ਵੋਟ ਪਰਚੀਆਂ ਕੈਨੇਡਾ ਪੋਸਟ ਰਾਹੀਂ ਡਾਕ ਰਾਹੀਂ ਵੀ ਭੇਜੀਆਂ ਜਾ ਸਕਦੀਆਂ ਹਨ, ਜਿਹਨਾਂ 'ਤੇ ਸ਼ੁੱਕਰਵਾਰ, 26 ਅਪ੍ਰੈਲ ਤੋਂ ਪਹਿਲਾਂ ਦੀ ਡਾਕ ਵਿੱਚ ਪਾਏ ਜਾਣ ਦੀ ਮੁਹਰ ਲੱਗੀ ਹੋਣੀ ਚਾਹੀਦੀ ਹੈ।

**ਵੈਨਕੂਵਰ:**
ਕੌਲਿੰਗਵੁੱਡ
ਡਾਊਨਟਾਊਨ
ਫਰੇਜ਼ਰ ਸਟਰੀਟ
ਹੇਸਟਿੰਗਜ਼
ਕੈਰਿਸਡੇਲ
ਮੇਨ ਸਟਰੀਟ
ਵਿਕਟੋਰੀਆ ਡਰਾਈਵ

**ਰਿਚਮੰਡ:**
ਬਲੰਡਲ ਸੈਂਟਰ

**ਬਰਨਬੀ/ ਨਿਊਵੈਸਟਮਿਨਸਟਰ:**
ਬਰਨਬੀ ਹਾਈਟਸ
ਸਾਊਥ ਬਰਨਬੀ
ਨਿਊਵੈਸਟਮਿਨਸਟਰ

**ਨੌਰਥ ਸ਼ੋਰ:**
ਲੌਨਜ਼ਡੇਲ
ਨੌਰਥ ਵੈਨਕੂਵਰ

**ਡੈਲਟਾ:**
ਨੌਰਥ ਡੈਲਟਾ

**ਸਰੀ:**
ਗਿਲਫੋਰਡ
ਨਿਊਟਨ

**ਟ੍ਰਾਈ-ਸਿਟੀਜ਼:**
ਨੌਰਥ ਰੋਡ
ਪਾਈਨਟ੍ਰੀ
ਸ਼ਾਅਨੈਸੀ ਸਟੇਸ਼ਨ

**ਫਰੇਜ਼ਰ ਵੈਲੀ:**
ਐਬਟਸਫੋਰਡ
ਵਾਲਨਟ ਗਰੋਵ

**ਰਿੱਜ ਮੀਡੋਜ਼:**
ਮੇਪਲ ਰਿੱਜ

**ਗਰੇਟਰ ਵਿਕਟੋਰੀਆ:**
ਮਾਊਂਟ ਟੌਲਮੀ
ਵਿਕਟੋਰੀਆ

## ਵੈਨਸਿਟੀ ਦੀ 78ਵੀਂ ਸਾਲਾਨਾ ਜਨਰਲ ਮੀਟਿੰਗ।

ਸਾਡੀ 78ਵੀਂ ਸਾਲਾਨਾ ਜਨਰਲ ਮੀਟਿੰਗ ਵਿੱਚ ਸਾਡੇ ਨਾਲ ਆਨਲਾਈਨ ਸ਼ਾਮਲ ਹੋਵੋ। ਅਸੀਂ ਇਲੈਕਸ਼ਨ ਦੇ ਨਤੀਜੇ ਦੱਸਾਂਗੇ ਅਤੇ ਪਿਛਲੇ ਸਾਲ ਦੀਆਂ ਮੁੱਖ ਗੱਲਾਂ ਬਾਰੇ ਵਿਚਾਰ ਕਰਾਂਗੇ। ਮੈਂਬਰ ਬੋਰਡ ਅਤੇ ਮੈਨੇਜਮੈਂਟ ਤੋਂ ਸਵਾਲ ਪੁੱਛ ਸਕਣਗੇ।

**ਕਦੋਂ**

**ਬੁੱਧਵਾਰ 8 ਮਈ 2024**
ਮੀਟਿੰਗ ਪੈਸੇਫਿਕ ਸਟੈਂਡਰਡ ਸਮੇਂ ਅਨੁਸਾਰ ਸ਼ਾਮ ਦੇ 5:30 ਸ਼ੁਰੂ ਹੋਵੇਗੀ।

**ਕਿੱਥੇ**

**2024 ਦੀ ਵਰਚੁਅਲ ਸਾਲਾਨਾ ਮੀਟਿੰਗ**
ਵੈੱਬਕਾਸਟ ਰਾਹੀਂ ਦੂਰੋਂ ਮੀਟਿੰਗ ਦੇਖੋ ਅਤੇ ਇਸ ਵਿੱਚ ਸ਼ਾਮਲ ਹੋਵੋ। ਇਹ ਜਾਣਨ ਲਈ ਕਿ ਤੁਸੀਂ ਕਿਵੇਂ ਹਿੱਸਾ ਲੈ ਸਕਦੇ ਹੋ ਅਤੇ ਹੋਰ ਜਾਣਕਾਰੀ ਲਈ vancity.com/AGM 'ਤੇ ਜਾਓ।

ਏ ਜੀ ਐੱਮ ਵਿੱਚ ਸ਼ਾਮਲ ਹੋ ਕੇ ਅਤੇ ਉਸ ਨੂੰ ਦੇਖ ਕੇ ਤੁਸੀਂ **1000 ਡਾਲਰ ਦੇ ਦੋ ਕੈਸ਼ ਕਰਨਯੋਗ ਟਰਮ ਡਿਪਾਜ਼ਟਾਂ ਵਿੱਚੋਂ 1 ਜਿੱਤ ਸਕਦੇ ਹੋ।** ਵਿਸਥਾਰ ਜਾਣਨ ਅਤੇ ਸਾਡੀਆਂ ਸੰਖੇਪ ਵਿੱਤੀ ਸਟੇਟਮੈਂਟਾਂ ਦੇਖਣ ਲਈ vancity.com/AGM 'ਤੇ ਜਾਓ।

Vancity